ਧੂਰੀ 'ਚ ਮੁੱਖ ਮੰਤਰੀ ਮਾਨ ਨੇ 14 ਐੱਮ. ਐੱਲ. ਡੀ. ਪਾਣੀ ਸੋਧਣ ਵਾਲੇ ਪਲਾਂਟ ਦਾ ਰੱਖਿਆ ਨੀਂਹ ਪੱਥਰ

ਜਲੰਧਰ/ਚੰਡੀਗੜ੍ਹ/ਸੰਗਰੂਰ, 7 ਅਕਤੂਬਰ (ਧਵਨ, ਸਿੰਗਲਾ)-ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਧੂਰੀ ਵਿਧਾਨ ਸਭਾ ਹਲਕੇ ਦੇ ਪਿੰਡ ਬਰੜਵਾਲ 'ਚ 14 ਐੱਮ. ਐੱਲ. ਡੀ. ਸਮਰੱਥਾ ਵਾਲੇ ਪਾਣੀ ਸੋਧਣ ਵਾਲੇ ਪਲਾਂਟ ਦਾ ਨੀਂਹ ਪੱਥਰ ਰੱਖਿਆ। 47.38 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਇਹ ਪਲਾਂਟ ਨਹਿਰ ਦੇ ਪਾਣੀ ਨੂੰ ਸੋਧ ਕੇ ਪੀਣਯੋਗ ਬਣਾਏਗਾ। ਇਸ ਪ੍ਰਾਜੈਕਟ ਨਾਲ ਧੂਰੀ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ 85 ਹਜ਼ਾਰ ਲੋਕਾਂ ਨੂੰ ਸਾਫ਼, ਸੁਰੱਖਿਅਤ ਅਤੇ ਗੁਣਵੱਤਾਪੂਰਨ ਪਾਣੀ ਮਿਲੇਗਾ।

ਉਨ੍ਹਾਂ ਕਿਹਾ ਕਿ ਸਾਫ਼ ਪੀਣ ਵਾਲਾ ਪਾਣੀ ਹਰੇਕ ਨਾਗਰਿਕ ਦਾ ਮੁੱਢਲਾ ਅਧਿਕਾਰ ਹੈ ਅਤੇ ਦੂਸ਼ਿਤ ਪਾਣੀ ਕਈ ਗੰਭੀਰ ਬੀਮਾਰੀਆਂ ਦਾ ਕਾਰਨ ਬਣਦਾ ਹੈ। ਨਹਿਰ ਦੇ ਪਾਣੀ ਨੂੰ ਪੀਣ ਵਾਲੇ ਪਾਣੀ ਵਜੋਂ ਵਰਤਣ ਨਾਲ ਜ਼ਮੀਨ ਹੇਠਲੇ ਪਾਣੀ 'ਤੇ ਨਿਰਭਰਤਾ ਘਟੇਗੀ ਅਤੇ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਉਣ 'ਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਜ਼ਮੀਨ ਹੇਠਲੇ ਪਾਣੀ ਦੀ ਸੰਭਾਲ ਨੂੰ ਤਰਜੀਹ ਦਿੰਦੇ ਹੋਏ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਅਤੇ ਸੰਜਮ ਨਾਲ ਵਰਤੋਂ ਲਈ ਕਈ ਵੱਡੇ ਕਦਮ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਖੇਤੀਬਾੜੀ ਸੈਕਟਰ 'ਚ ਨਹਿਰੀ ਪਾਣੀ ਦੀ ਪਹੁੰਚ 22 ਤੋਂ ਵਧ ਕੇ 88 ਫੀਸਦੀ ਹੋ ਗਈ ਹੈ।

ਇਸ ਲਈ 14,000 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਈ ਗਈ ਹੈ। ਨਹਿਰੀ ਪਾਣੀ ਦੀ ਉਪਲਬਧਤਾ ਵਧਣ ਨਾਲ ਕਈ ਇਲਾਕਿਆਂ 'ਚ ਝੋਨੇ ਦੀ ਪੈਦਾਵਾਰ 'ਚ ਪ੍ਰਤੀ ਏਕੜ ਲੱਗਭਗ 4 ਕੁਇੰਟਲ ਤੱਕ ਦਾ ਵਾਧਾ ਹੋਇਆ ਹੈ।

ਪੰਜਾਬ 'ਚ ਭਾਜਪਾ ਨੇ ਕੱਢੀ 'ਸੇਵਾ ਜੋਤੀ ਯਾਤਰਾ'

36 ਥਾਵਾਂ 'ਤੇ ਹੋਏ ਪ੍ਰੋਗਰਾਮ, 'ਵਿਕਸਿਤ ਭਾਰਤ ਸੰਕਲਪ ਸਭਾ' ਦਾ ਆਯੋਜਨ

ਚੰਡੀਗੜ੍ਹ, 7 ਅਕਤੂਬਰ (ਅੰਕੁਰ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਨਤਕ ਸੇਵਾ ਦੇ 25 ਸਾਲ ਪੂਰੇ ਹੋਣ ਮੌਕੇ ਪੂਰੇ ਪੰਜਾਬ 'ਚ ਭਾਜਪਾ ਵੱਲੋਂ 'ਸੇਵਾ ਜੋਤੀ ਯਾਤਰਾ' ਕੱਢੀ ਗਈ ਅਤੇ 'ਵਿਕਸਿਤ ਭਾਰਤ ਸੰਕਲਪ ਸਭਾ' ਕਰਵਾਈ ਗਈ। ਇਸ ਮੌਕੇ ਮੋਹਾਲੀ 'ਚ ਭਾਜਪਾ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ 'ਸੇਵਾ ਜੋਤੀ' ਦੇ ਸੰਦੇਸ਼ ਨੂੰ ਪੰਜਾਬ ਦੇ ਹਰ ਪਿੰਡ, ਹਰ ਗਲੀ ਤੇ ਹਰ ਘਰ ਤੱਕ ਪਹੁੰਚਾਇਆ ਜਾਵੇ ਅਤੇ ਸੇਵਾ, ਸਮਰਪਣ ਅਤੇ ਰਾਸ਼ਟਰ ਨਿਰਮਾਣ ਦੇ ਸੰਕਲਪ ਨਾਲ ਲੋਕਾਂ ਨੂੰ ਜੋੜਿਆ ਜਾਵੇ।

ਉਨ੍ਹਾਂ ਕਿਹਾ ਕਿ 'ਸੇਵਾ ਸੰਕਲਪ ਮੁਹਿੰਮ' ਸਿਰਫ਼ ਇਕ ਸਮਾਗਮ ਤੱਕ ਸੀਮਤ ਨਹੀਂ, ਸਗੋਂ ਇਹ ਲੋਕ ਸੇਵਾ ਅਤੇ ਵਿਕਸਿਤ ਭਾਰਤ ਦੇ ਟੀਚੇ ਨਾਲ ਜੁੜੇ ਸੰਕਲਪ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਹੈ। ਪੂਰੇ ਪੰਜਾਬ 'ਚ ਭਾਜਪਾ ਵੱਲੋਂ 36 ਵੱਖ-ਵੱਖ ਥਾਵਾਂ 'ਤੇ ਕਰਵਾਏ ਗਏ ਸਮਾਗਮਾਂ 'ਚ ਭਾਜਪਾ ਦੇ ਕੌਮੀ ਉਪ-ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਸਹਿ- ਇੰਚਾਰਜ ਵਰਿੰਦਰ ਸਚਦੇਵਾ, ਅਲਕਾ ਗੁੱਜਰ, ਸਾਬਕਾ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਮਨੋਰੰਜਨ ਕਾਲੀਆ, ਅਵਿਨਾਸ਼ ਰਾਏ ਖੰਨਾ, ਵਿਜੈ ਸਾਂਪਲਾ, ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ, ਸੁਰਜੀਤ ਕੁਮਾਰ ਜਿਆਣੀ, ਸੋਮ ਪ੍ਰਕਾਸ਼, ਰਾਕੇਸ਼ ਰਾਠੌੜ, ਜੀਵਨ ਗੁਪਤਾ, ਮਹਾਰਾਣੀ ਪ੍ਰਨੀਤ ਕੌਰ, ਬੀਬਾ ਜੈਇੰਦਰ ਕੌਰ, ਰਵੀਕਰਨ ਸਿੰਘ ਕਾਹਲੋਂ, ਅਸ਼ਵਨੀ ਸੇਖੜੀ, ਹਰਮਿੰਦਰ ਸਿੰਘ ਜੱਸੀ, ਜੰਗੀ ਲਾਲ ਮਹਾਜਨ, ਜੀਵਨ ਗਰਗ, ਸ਼ਿਵਰਾਜ ਚੌਧਰੀ, ਪਰਮਪਾਲ ਕੌਰ ਮਲੂਕਾ, ਸੰਦੀਪ ਜਾਖੜ, ਅਮਰਜੀਤ ਸਿੰਘ ਅਮਰੀ, ਕੇ. ਡੀ. ਭੰਡਾਰੀ, ਰਜਨੀਸ਼ ਧੀਮਾਨ, ਰਾਜੇਸ਼ ਬਾਘਾ, ਸਰਬਜੀਤ ਸਿੰਘ ਮੱਕੜ, ਸੁਸ਼ੀਲ ਕੁਮਾਰ ਰਿੰਕੂ, , ਗੇਜਾ ਰਾਮ ਵਾਲਮੀਕੀ, ਮਨਜੀਤ ਸਿੰਘ ਰਾਏ, ਪ੍ਰਵੀਨ ਬਾਂਸਲ, ਵੰਦਨਾ, ਸੰਗਵਾਲ, ਹਰਜਿੰਦਰ ਸਿੰਘ ਠੇਕੇਦਾਰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਇਨ੍ਹਾਂ ਸਮਾਗਮਾਂ ਦੌਰਾਨ ਸਮੁੱਚੀ ਲੀਡਰਸ਼ਿਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੰਮੇ ਜੀਵਨ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਦੁਆਰਾ ਲਏ ਵਿਕਸਿਤ ਭਾਰਤ ਦੇ ਸਪਨੇ ਨੂੰ ਪੂਰਾ ਕਰਨ ਦਾ ਸੰਕਲਪ ਲਿਆ ਗਿਆ।

'ਸੇਵਾ ਜੋਤੀ ਯਾਤਰਾ' ਨੂੰ ਰਵਾਨਾ ਕਰਦੇ ਕੇਵਲ ਸਿੰਘ ਢਿੱਲੋਂ ਤੇ ਨਾਲ ਹਨ ਹੋਰ।

'ਪੰਜਾਬ ਕੇਸਰੀ' ਗਰੁੱਪ ਦੀ ਰਾਹਤ ਮੁਹਿੰਮ ਦਾ 962ਵਾਂ ਟਰੱਕ

ਜ਼ੀਰਾ ਤੋਂ ਸੁਖਦੇਵ ਸਿੰਘ ਬਿੱਟੂ ਵਿੱਜ (ਸਾਬਕਾ ਪ੍ਰਧਾਨ ਨਗਰ ਕੌਂਸਲ) ਵੱਲੋਂ ਭੇਜੀਆਂ 225 ਰਜਾਈਆਂ 'ਅਨੰਤਨਾਗ' 'ਚ ਵੰਡੀਆਂ

'ਪੰਜਾਬ ਕੇਸਰੀ' ਪੱਤਰ ਸਮੂਹ ਪਿਛਲੇ 26 ਸਾਲਾਂ ਤੋਂ ਦਾਨਵੀਰ ਸੱਜਣਾਂ ਦੇ ਸਹਿਯੋਗ ਨਾਲ ਸਰਹੱਦੀ ਇਲਾਕਿਆਂ 'ਚ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਯਤਨਸ਼ੀਲ ਹੈ। ਇਸੇ ਲੜੀ ਤਹਿਤ ਬੀਤੇ ਦਿਨੀਂ ਭਾਰਤ-ਪਾਕਿ ਸਰਹੱਦ 'ਤੇ ਸਥਿਤ ਜੰਮੂ-ਕਸ਼ਮੀਰ ਦੇ ਜ਼ਿਲਾ ਅਨੰਤਨਾਗ 'ਚ 962ਵਾਂ ਰਾਹਤ ਵੰਡ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਰਾਹਤ ਸਮੱਗਰੀ ਦਾ ਇਕ ਟਰੱਕ ਅੱਤਵਾਦ ਅਤੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਵੰਡਿਆ ਗਿਆ, ਜੋ ਕਿ ਜ਼ੀਰਾ ਤੋਂ ਸੁਖਦੇਵ ਸਿੰਘ ਬਿੱਟੂ ਵਿੱਜ (ਸਾਬਕਾ ਪ੍ਰਧਾਨ ਨਗਰ ਕੌਂਸਲ) ਵੱਲੋਂ ਭੇਜਿਆ ਗਿਆ ਸੀ। ਇਸ 'ਚ 225 ਪਰਿਵਾਰਾਂ ਲਈ ਰਜਾਈਆਂ ਸਨ।

ਤਸਵੀਰ 'ਚ ਸਮੱਗਰੀ ਭੇਟ ਕਰਦੇ ਰਾਕੇਸ਼ ਜੈਨ, ਪੀਰ ਸ਼ਾਹਬਾਜ਼, ਵਸੀਮ ਥੋਕਰ, ਮੁਹੰਮਦ ਇਕਬਾਲ, ਵਰਿੰਦਰ ਸ਼ਰਮਾ, ਡਿੰਪਲ ਸੂਰੀ ਅਤੇ ਰਮਾ ਜੈਨ।

ਸਰਹੱਦੀ ਇਲਾਕਿਆਂ 'ਚ 3 ਲੱਖ ਸਰਕਾਰੀ ਅਸਾਮੀਆਂ ਭਰਾਂਗੇ, ਵਿਸ਼ੇਸ਼ ਉਦਯੋਗਿਕ ਪੈਕੇਜ ਦੇਵਾਂਗੇ : ਸੁਖਬੀਰ ਬਾਦਲ

ਅੰਮ੍ਰਿਤਸਰ, 7 ਅਕਤੂਬਰ (ਛੀਨਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਬੇਰੋਜ਼ਗਾਰੀ ਸਰਹੱਦੀ ਪੱਟੀ ਵਿਚ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਅਗਲੀ ਅਕਾਲੀ ਦਲ ਦੀ ਸਰਕਾਰ ਸਰਹੱਦੀ ਪੱਟੀ ਵਾਸਤੇ ਵਿਸ਼ੇਸ਼ ਸਨਅਤੀ ਪੈਕੇਜ ਦੇਵੇਗੀ ਅਤੇ ਖਾਲੀ ਪਈਆਂ ਤਿੰਨ ਲੱਖ ਸਰਕਾਰੀ ਅਸਾਮੀਆਂ ਭਰੇਗੀ ਤਾਂ ਜੋ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕੇ।

23 ਸਾਲਾ ਸੁਖਜੀਤ ਕੌਰ ਨੇ ਅਕਾਲੀ ਦਲ ਪ੍ਰਧਾਨ ਦੇ ਚੀਚਾ ਪਿੰਡ ਵਿਚ ਘਰ-ਘਰ ਜਾਣ ਦੇ ਪ੍ਰੋਗਰਾਮ ਦੌਰਾਨ ਉਨ੍ਹਾਂ ਨੂੰ ਇਸ ਮੁਸ਼ਕਿਲ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਮੇਰੇ ਪਿਤਾ ਕੋਲ ਕੰਮ ਨਹੀਂ ਹੈ, ਮੇਰੀ ਮਾਂ ਘਰੇਲੂ ਸੁਆਣੀ ਹੈ। ਮੇਰੇ ਦੋਵੇਂ ਭਰਾ ਬੇਰੋਜ਼ਗਾਰ ਹਨ। ਉਨ੍ਹਾਂ ਨੂੰ ਪਰਿਵਾਰ ਦੀ ਖੁਸ਼ਹਾਲੀ ਵਾਸਤੇ ਰੋਜ਼ਗਾਰ ਚਾਹੀਦਾ ਹੈ।

ਬਾਦਲ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਨਾ ਸਿਰਫ ਸਰਹੱਦੀ ਪੱਟੀ ਵਿਚ ਉਦਯੋਗ ਲਿਆਂਦੇ ਜਾਣਗੇ ਬਲਕਿ ਸਰਕਾਰ ਬਣਨ ਦੇ ਇਕ ਸਾਲ ਦੇ ਅੰਦਰ-ਅੰਦਰ ਖਾਲੀ ਪਈਆਂ 3 ਲੱਖ ਆਸਾਮੀਆਂ ਵੀ ਭਰੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅਸੀਂ ਵਿਸ਼ਵ ਸਕਿੱਲ ਯੂਨੀਵਰਸਿਟੀ ਸਥਾਪਿਤ ਕਰ ਕੇ ਹਰ ਜ਼ਿਲੇ ਵਿਚ ਸੈਂਟਰ ਸਥਾਪਿਤ ਕਰ ਕੇ ਆਪਣੇ ਨੌਜਵਾਨਾਂ ਨੂੰ ਹੁਨਰ ਸਿਖਲਾਈ ਦੇਵਾਂਗੇ।

ਚੀਚਾ ਦੇ ਜਸਵੰਤ ਸਿੰਘ ਨੇ ਸ. ਬਾਦਲ ਨੂੰ ਸਰਹੱਦੀ ਪੱਟੀ ਦੀ ਇਕ ਹੋਰ ਮੁਸ਼ਕਿਲ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਇਥੇ ਬਹੁਤ ਆਸਾਨੀ ਨਾਲ ਨਸ਼ੇ ਵੇਚੇ ਜਾਂਦੇ ਹਨ, ਜਿਸ ਕਾਰਨ ਨਸ਼ੇੜੀ ਮੁਸ਼ਕਿਲਾਂ ਖੜ੍ਹੀਆਂ ਕਰਦੇ ਹਨ। ਇਹ ਨਸ਼ੇੜੀ ਮੋਟਰ ਪੰਪਾਂ ਤੋਂ ਤਾਰਾਂ ਤੇ ਹੋਰ ਸਾਮਾਨ ਚੋਰੀ ਕਰ ਕੇ ਨਸ਼ਾ ਖਰੀਦਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਪਿੰਡਾਂ ਵਾਲਿਆਂ ਵਿਚ ਡਰ ਦਾ ਮਾਹੌਲ ਬਣਦਾ ਹੈ ਤੇ ਔਰਤਾਂ ਹਨੇਰਾ ਹੋਣ ਮਗਰੋਂ ਘਰੋਂ ਨਿਕਲਣ ਤੋਂ ਗੁਰੇਜ਼ ਕਰਦੀਆਂ ਹਨ।

ਅਕਾਲੀ ਦਲ ਦੇ ਪ੍ਰਧਾਨ, ਜਿਨ੍ਹਾਂ ਨੇ ਪਿੰਡ ਵਿਚ 5 ਘਰਾਂ ਦਾ ਦੌਰਾ ਕੀਤਾ, ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਗਲੀ ਅਕਾਲੀ ਦਲ ਦੀ ਸਰਕਾਰ ਤੋਂ ਪੰਜ ਆਸਾਂ ਦਾ ਜ਼ਿਕਰ ਕਰਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਫਾਰਮ ਭਰਨ ਅਤੇ ਪਾਰਟੀ ਹੇਠਲੇ ਪੱਧਰ ਤੱਕ ਲੋਕਾਂ ਤੋਂ ਫੀਡਬੈਕ ਲੈ ਕੇ ਆਪਣਾ ਚੋਣ ਮਨੋਰਥ ਤਿਆਰ ਕਰੇਗੀ, ਜੋ 1 ਨਵੰਬਰ ਨੂੰ ਰਿਲੀਜ਼ ਕੀਤਾ ਜਾਵੇਗਾ। ਇਸ ਮੌਕੇ ਗੁਲਜ਼ਾਰ ਸਿੰਘ ਰਣੀਕੇ, ਰਾਜਾ ਲਾਦੇਹ, ਸੁਰਜੀਤ ਪਹਿਲਵਾਨ ਅਤੇ ਮੁਖਵਿੰਦਰ ਸਿੰਘ ਖਾਪਰਖੇੜੀ ਵੀ ਹਾਜ਼ਰ ਸਨ।

ਸਰਹੱਦੀ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਦੇ ਸੁਖਬੀਰ ਬਾਦਲ ਤੇ ਹੋਰ।

ਪੰਜਾਬ 'ਚ ਅਧਵਾਟੇ ਰੁਕੇ ਸੜਕਾਂ ਦੇ ਕੰਮ, ਲੋਕ ਪ੍ਰੇਸ਼ਾਨ : ਸਰੀਨ



ਚੰਡੀਗੜ੍ਹ, 7 ਅਕਤੂਬਰ (ਅੰਕੁਰ)-ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੇ ਕਿਹਾ ਕਿ ਪੰਜਾਬ 'ਚ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦੇ ਕੰਮ ਅਧਵਾਟੇ ਰੁਕਣ ਨੇ 'ਆਪ' ਸਰਕਾਰ ਦੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 40 ਹਜ਼ਾਰ ਕਿਲੋਮੀਟਰ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ ਪਰ ਅਜੇ ਤੱਕ ਲਗਭਗ 18 ਹਜ਼ਾਰ ਕਿਲੋਮੀਟਰ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਹੀ ਹੋ ਸਕੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਲੋਕ ਨਿਰਮਾਣ ਵਿਭਾਗ ਤੇ ਪੰਜਾਬ ਮੰਡੀ ਬੋਰਡ ਵੱਲੋਂ ਅਜੇ ਤੱਕ ਸੜਕਾਂ ਦੇ ਲੱਗਭਗ 50 ਫ਼ੀਸਦੀ ਕੰਮ ਹੀ ਮੁਕੰਮਲ ਹੋਏ ਹਨ ਜਦਕਿ ਬਾਕੀ ਕੰਮ ਅਧਵਾਟੇ ਰੁਕਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਹਾਲੀ ਜ਼ਿਲੇ ਦੇ ਬਲਾਕ ਮਾਜਰੀ ਦੀਆਂ ਕਈ ਸੜਕਾਂ 'ਤੇ ਲੱਗਭਗ ਪੰਜ ਮਹੀਨੇ ਪਹਿਲਾਂ ਗਟਕਾ ਪਾਏ ਜਾਣ ਦੇ ਬਾਵਜੂਦ ਅਜੇ ਤੱਕ ਪ੍ਰੀਮਿਕਸ ਨਹੀਂ ਪਾਈ ਗਈ, ਜਿਸ ਕਾਰਨ ਲੋਕਾਂ ਨੂੰ ਆਵਾਜਾਈ 'ਚ ਭਾਰੀ ਦਿੱਕਤਾਂ ਆ ਰਹੀਆਂ ਹਨ।

ਉਨ੍ਹਾਂ ਨੇ ਸਰਕਾਰ ਤੋਂ ਸਵਾਲ ਕੀਤਾ ਕਿ ਜਦੋਂ ਸੜਕਾਂ ਦੇ ਕੰਮਾਂ ਲਈ ਫੰਡ ਮਨਜ਼ੂਰ ਕੀਤੇ ਗਏ ਸਨ ਤਾਂ ਉਨ੍ਹਾਂ ਨੂੰ ਸਮੇਂ ਸਿਰ ਜਾਰੀ ਕਿਉਂ ਨਹੀਂ ਕੀਤਾ ਗਿਆ ? ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸਿਰਫ਼ ਐਲਾਨ ਨਹੀਂ, ਸਗੋਂ ਪੱਕੀਆਂ ਤੇ ਸਮੇਂ ਸਿਰ ਬਣੀਆਂ ਸੜਕਾਂ ਚਾਹੀਦੀਆਂ ਹਨ। ਸਰਕਾਰ ਤੁਰੰਤ ਫੰਡ ਜਾਰੀ ਕਰ ਕੇ ਅਧੂਰੇ ਕੰਮ ਮੁਕੰਮਲ ਕਰਵਾਵੇ।

ਨਾਜਾਇਜ਼ ਮਾਈਨਿੰਗ ਖ਼ਿਲਾਫ਼ 2 ਥਾਵਾਂ 'ਤੇ ਛਾਪੇਮਾਰੀ; ਜੇ. ਸੀ. ਬੀ. ਅਤੇ ਟਿੱਪਰ ਜ਼ਬਤ

ਚੰਡੀਗੜ੍ਹ/ਜਲੰਧਰ, 7 ਅਕਤੂਬਰ (ਅੰਕੁਰ, ਧਵਨ)-ਮਾਈਨਿੰਗ ਵਿਭਾਗ ਅਤੇ ਪੁਲਸ ਦੀ ਸਾਂਝੀ ਟੀਮ ਵੱਲੋਂ ਦੇਰ ਰਾਤ ਚਲਾਏ ਗਏ ਅਹਿਮ ਆਪ੍ਰੇਸ਼ਨ ਦੌਰਾਨ ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਲੋਪੋਕੇ ਦੇ ਪਿੰਡ ਕੋਟ ਸਿੱਧੂ ਵਿਖੇ ਗ਼ੈਰ-ਕਾਨੂੰਨੀ ਰੇਤ ਮਾਈਨਿੰਗ ਵਾਲੀ ਥਾਂ 'ਤੇ ਛਾਪੇਮਾਰੀ ਕਰਦਿਆਂ ਮੌਕੇ 'ਤੇ ਚੱਲ ਰਹੀ ਗ਼ੈਰ-ਕਾਨੂੰਨੀ ਮਾਈਨਿੰਗ ਦਾ ਪਰਦਾਫ਼ਾਸ਼ ਕੀਤਾ ਗਿਆ। ਮਾਈਨਿੰਗ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਅਧਿਕਾਰੀਆਂ ਨੇ ਮੌਕੇ ਤੋਂ 3 ਜੇ. ਸੀ. ਬੀ. ਮਸ਼ੀਨਾਂ ਤੇ 7 ਟਿੱਪਰਾਂ ਦੀ ਪਛਾਣ ਕੀਤੀ ਹੈ। ਇਸ ਸਬੰਧੀ ਥਾਣਾ ਭਿੰਦੀ ਸੈਦਾਂ ਵਿਖੇ ਐੱਫ. ਆਈ. ਆਰ. ਨੰਬਰ 0160/2026 ਦਰਜ ਕੀਤੀ ਗਈ ਹੈ।

ਇਸੇ ਤਰ੍ਹਾਂ ਮਾਈਨਿੰਗ ਵਿਭਾਗ ਲੁਧਿਆਣਾ ਵੱਲੋਂ ਕੀਤੀ ਇਕ ਹੋਰ ਕਾਰਵਾਈ ਤਹਿਤ ਸਿੱਧਵਾਂ ਬੇਟ ਖੇਤਰ ਤੋਂ ਆ ਰਹੇ ਰੇਤ ਨਾਲ ਭਰੇ ਇਕ ਟਿੱਪਰ ਨੂੰ ਰਾਤ ਸਮੇਂ ਰੋਕ ਕੇ ਚੈੱਕ ਕੀਤਾ ਗਿਆ। ਜਾਂਚ ਦੌਰਾਨ ਵਾਹਨ 'ਤੇ ਕੋਈ ਨੰਬਰ ਪਲੇਟ ਨਹੀਂ ਸੀ ਲੱਗੀ ਹੋਈ। ਇਸ ਮਾਮਲੇ 'ਚ ਸਖ਼ਤ ਕਾਰਵਾਈ ਕਰਦਿਆਂ ਮਾਈਨਿੰਗ ਵਿਭਾਗ ਨੇ ਬਿਨਾਂ ਨੰਬਰ ਵਾਲਾ ਟਿੱਪਰ ਥਾਣਾ ਸਿੱਧਵਾਂ ਬੇਟ ਦੇ ਹਵਾਲੇ ਕੀਤਾ ਤੇ ਮਿਤੀ 06-10-2026 ਨੂੰ ਐੱਫ.ਆਈ.ਆਰ. ਨੰਬਰ 283 ਤਹਿਤ ਕੇਸ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਗ਼ੈਰ-ਕਾਨੂੰਨੀ ਮਾਈਨਿੰਗ ਵਿਰੁੱਧ ਕਾਰਵਾਈ ਕਰਦਿਆਂ 6 ਅਕਤੂਬਰ ਤੱਕ ਸੂਬੇ ਭਰ 'ਚ 247 ਐੱਫ. ਆਈ. ਆਰਜ਼ ਦਰਜ ਕੀਤੀਆਂ ਗਈਆਂ ਹਨ ਤੇ ਨਿਯਮ 74 ਤੇ 75 ਤਹਿਤ 598 ਚਲਾਨ ਜਾਰੀ ਕੀਤੇ ਹਨ।

ਕੁੱਲ 7.92 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਲਾਇਆ ਗਿਆ, ਜਿਸ 'ਚੋਂ 7.69 ਕਰੋੜ ਰੁਪਏ ਤੋਂ ਵੱਧ ਦੀ ਰਕਮ ਵਸੂਲੀ ਜਾ ਚੁੱਕੀ ਹੈ।

ਸ਼੍ਰੋਮਣੀ ਕਮੇਟੀ ਮੈਂਬਰ ਪੁੜੈਣ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼; ਮੰਗੀ ਖਿਮਾ ਯਾਚਨਾ

ਮੁੱਖ ਮੰਤਰੀ ਨਾਲ ਮੁਲਾਕਾਤ ਕਰਨ 'ਤੇ ਜਥੇਦਾਰ ਕੋਲ ਸਪੱਸ਼ਟੀਕਰਨ ਸੌਂਪਿਆ

ਅੰਮ੍ਰਿਤਸਰ, 7 ਅਕਤੂਬਰ (ਸਰਬਜੀਤ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਪੁੜੈਣ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 15 ਜੂਨ ਨੂੰ 'ਗੁਰੂ ਦੋਖੀ ਤੇ ਖ਼ਾਲਸਾ ਪੰਥ ਵਿਰੋਧੀ' ਐਲਾਨੇ ਗਏ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੀਤੇ ਦਿਨੀਂ ਮਿਲੇ, ਇਸ ਲਈ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ 10 ਦਿਨਾਂ ਦੇ ਅੰਦਰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਸੀ।

ਇਨ੍ਹਾਂ 'ਤੇ ਸ਼੍ਰੋਮਣੀ ਕਮੇਟੀ ਦੀਆਂ ਇਕੱਤਰਤਾਵਾਂ ਵਿਚ ਹਿੱਸਾ ਲੈਣ ਦੀ ਪਾਬੰਦੀ ਵੀ ਲਗਾਈ ਗਈ ਹੈ। ਜਸਵੰਤ ਸਿੰਘ ਪੁੜੈਣ ਅੱਜ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇ ਅਤੇ ਉਨ੍ਹਾਂ ਨੇ ਆਪਣਾ ਸਪੱਸ਼ਟੀਕਰਨ ਤੇ ਖਿਮਾ ਯਾਚਨਾ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪੀ।

ਪੁੜੈਣ ਨੇ ਸਿੰਘ ਸਾਹਿਬ ਕੋਲ ਇਹ ਗੱਲ ਮੰਨੀ ਹੈ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਮਿਲ ਕੇ ਵੱਡੀ ਗਲਤੀ ਕੀਤੀ ਹੈ, ਜਿਸ ਦਾ ਉਨ੍ਹਾਂ ਨੂੰ ਅਹਿਸਾਸ ਹੈ।

ਪੁੜੈਣ ਨੇ ਕਿਹਾ ਕਿ ਮੁਲਾਕਾਤ ਪਿੱਛੇ ਉਨ੍ਹਾਂ ਦੀ ਕੋਈ ਗਲਤ ਭਾਵਨਾ ਨਹੀਂ ਸੀ, ਉਨ੍ਹਾਂ ਦੀ ਭਾਵਨਾ ਪੰਥ ਪ੍ਰਸਤੀ ਵਾਲੀ ਸੀ। ਉਨ੍ਹਾਂ ਇਸ ਭੁੱਲ ਲਈ ਖਿਮਾ ਯਾਚਨਾ ਕਰਦਿਆਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਫ਼ੈਸਲਾ ਹੋਵੇਗਾ ਉਸ ਨੂੰ ਉਹ ਪ੍ਰਵਾਨ ਕਰਨਗੇ।

ਪੁੜੈਣ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਹ ਹੋਈ ਅਵੱਗਿਆ ਲਈ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹ ਲੱਗੇ ਤਾਂ ਜੋ ਉਹ ਸੁਰਖ਼ਰੂ ਹੋ ਕੇ ਵਿਚਰ ਸਕਣ ਤੇ ਉਨ੍ਹਾਂ ਦੇ ਮਨ 'ਤੇ ਕੋਈ ਬੋਝ ਨਾ ਰਹੇ। ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਕਿਹਾ ਜਸਵੰਤ ਸਿੰਘ ਪੁੜੈਣ ਵੱਲੋਂ ਦਿੱਤਾ ਗਿਆ ਸਪੱਸ਼ਟੀਕਰਨ ਤੇ ਕੀਤੀ ਗਈ ਖਿਮਾ ਯਾਚਨਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਵਿਚਾਰ ਕੇ ਸਿੰਘ ਸਾਹਿਬਾਨ ਵੱਲੋਂ ਫ਼ੈਸਲਾ ਕੀਤਾ ਜਾਵੇਗਾ।

ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕੋਲ ਆਪਣਾ ਸਪੱਸ਼ਟੀਕਰਨ ਦੇਣ ਪਹੁੰਚੇ ਮੈਂਬਰ ਜਸਵੰਤ ਸਿੰਘ ਪੁੜੈਣ। (ਸਰਬਜੀਤ)

ਏ. ਕੇ.-47 ਸਾਫ਼ ਕਰਦੇ ਸਮੇਂ ਚੱਲੀ ਗੋਲੀ, ਏ. ਐੱਸ. ਆਈ. ਦੀ ਮੌਤ

ਪਠਾਨਕੋਟ, 7 ਅਕਤੂਬਰ (ਸ਼ਾਰਦਾ)-ਪੁਲਸ ਲਾਈਨ 'ਚ ਰਾਤ ਦੀ ਡਿਊਟੀ 'ਤੇ ਤਾਇਨਾਤ ਐੱਲ. ਆਰ. ਏ. ਐੱਸ. ਆਈ. ਰਾਮ ਸਿੰਘ (ਨੰਬਰ 716, ਪਠਾਨਕੋਟ) ਦੀ ਬੁੱਧਵਾਰ ਸਵੇਰੇ ਕਰੀਬ 5 ਵਜੇ ਏ. ਕੇ.-47 ਤੋਂ ਅਚਾਨਕ ਗੋਲੀ ਚੱਲਣ ਕਾਰਨ ਮੌਤ ਹੋ ਗਈ। ਪੁਲਸ ਅਨੁਸਾਰ ਏ. ਐੱਸ. ਆਈ. ਰਾਮ ਸਿੰਘ ਪੁਲਸ ਲਾਈਨ 'ਚ ਰਾਤ ਦੇ ਮੁਨਸ਼ੀ ਵਜੋਂ ਡਿਊਟੀ ਨਿਭਾਅ ਰਹੇ ਸਨ। ਥਾਣਾ ਡਵੀਜ਼ਨ ਨੰਬਰ-2 ਦੇ ਮੁਖੀ ਐੱਸ. ਐੱਚ. ਓ. ਪਲਵਿੰਦਰ ਸਿੰਘ ਨੇ ਦੱਸਿਆ ਕਿ ਸਵੇਰੇ ਕਰੀਬ 5 ਵਜੇ ਏ. ਐੱਸ. ਆਈ. ਰਾਮ ਸਿੰਘ ਆਪਣੇ ਰੁਟੀਨ ਅਨੁਸਾਰ ਉੱਠੇ। ਤਿਆਰ ਹੋਣ ਅਤੇ ਚਾਹ ਪੀਣ ਤੋਂ ਬਾਅਦ ਉਹ ਆਪਣੇ ਦਫ਼ਤਰ 'ਚ ਜਾ ਕੇ ਬੈਠ ਗਏ। ਇਸ ਦੌਰਾਨ ਰਾਤ ਦੀ ਡਿਊਟੀ ਸਮੇਂ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਕਰਮਚਾਰੀਆਂ ਨੂੰ ਦਿੱਤੇ ਗਏ ਹਥਿਆਰਾਂ 'ਚੋਂ ਉਹ ਆਪਣੀ ਏ. ਕੇ.-47 ਨੂੰ ਕੱਪੜੇ ਨਾਲ ਸਾਫ਼ ਕਰ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਹਥਿਆਰ ਦੀ ਸਫ਼ਾਈ ਦੌਰਾਨ ਅਚਾਨਕ ਹੱਥ ਲੱਗਣ ਕਾਰਨ ਏ.ਕੇ.-47 ਤੋਂ ਗੋਲੀ ਚੱਲ ਗਈ, ਜੋ ਏ. ਐੱਸ. ਆਈ. ਰਾਮ ਸਿੰਘ ਨੂੰ ਜਾ ਲੱਗੀ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਮੋਹਾਲੀ ਦੇ ਕਈ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਮੋਹਾਲੀ, 7 ਅਕਤੂਬਰ (ਸੰਦੀਪ)-ਮੋਹਾਲੀ ਦੇ ਕਈ ਸਕੂਲਾਂ ਨੂੰ ਬੁੱਧਵਾਰ ਸਵੇਰੇ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪ੍ਰਸ਼ਾਸਨ ਅਤੇ ਪੁਲਸ ਵਿਭਾਗ ਤੁਰੰਤ ਹਰਕਤ 'ਚ ਆ ਗਿਆ। ਸ਼ਿਵਾਲਿਕ ਪਬਲਿਕ ਸਕੂਲ, ਪੈਰਾਗੌਨ ਇੰਟਰਨੈਸ਼ਨਲ ਸਕੂਲ ਅਤੇ ਗਿਆਨ ਜੋਤੀ ਪਬਲਿਕ ਸਕੂਲ ਸਮੇਤ ਕਈ ਅਦਾਰਿਆਂ ਨੂੰ ਧਮਕੀ ਭਰੀਆਂ ਈ-ਮੇਲ ਮਿਲੀਆਂ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਪੁਲਸ ਕਰਮਚਾਰੀਆਂ, ਬੰਬ ਜ਼ਾਇਆ ਕਰਨ ਵਾਲੇ ਦਸਤੇ ਅਤੇ ਡਾਗ ਸਕੁਐਡ ਦੀਆਂ ਟੀਮਾਂ ਨੇ ਸਕੂਲਾਂ ਦੀ ਤਲਾਸ਼ੀ ਲਈ। ਐੱਸ. ਐੱਸ. ਪੀ. ਵਰੁਣ ਸ਼ਰਮਾ ਅਨੁਸਾਰ ਤਲਾਸ਼ੀ ਦੌਰਾਨ ਕਿਸੇ ਵੀ ਥਾਂ 'ਤੇ ਕੋਈ ਸ਼ੱਕੀ ਚੀਜ਼ ਨਹੀਂ ਮਿਲੀ।

ਮੁੱਖ ਮੰਤਰੀ ਨੇ 'ਮੇਰਾ ਘਰ ਮੇਰੇ ਨਾਮ' ਤਹਿਤ ਮਾਲਕਾਨਾ ਹੱਕ ਸਰਟੀਫਿਕੇਟ ਦਿੱਤੇ

ਚੰਡੀਗੜ੍ਹ/ਜਲੰਧਰ, 7 ਅਕਤੂਬਰ (ਹਰੀਸ਼ਚੰਦਰ, ਧਵਨ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਮੇਰਾ ਘਰ ਮੇਰੇ ਨਾਮ' ਯੋਜਨਾ ਤਹਿਤ ਸੰਗਰੂਰ ਜ਼ਿਲੇ ਦੇ ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਸਰਟੀਫਿਕੇਟ ਵੰਡਦਿਆਂ ਕਿਹਾ ਕਿ ਲਾਲ ਲਕੀਰ ਦੇ ਅੰਦਰ ਪੀੜ੍ਹੀਆਂ ਤੋਂ ਰਹਿ ਰਹੇ ਪਰਿਵਾਰਾਂ ਦਾ ਦਹਾਕਿਆਂ ਪੁਰਾਣਾ ਇੰਤਜ਼ਾਰ ਖ਼ਤਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਘਰਾਂ ਅਤੇ ਪਲਾਟਾਂ ਦਾ ਅਧਿਕਾਰਤ ਰਿਕਾਰਡ ਤਿਆਰ ਹੋਣ ਨਾਲ ਮਾਲਕੀ ਨਾਲ ਸਬੰਧਤ ਵਿਵਾਦ ਘਟਣਗੇ ਅਤੇ ਲੋਕਾਂ ਨੂੰ ਜਾਇਦਾਦ 'ਤੇ ਕਾਨੂੰਨੀ ਸੁਰੱਖਿਆ ਮਿਲੇਗੀ। ਉਨ੍ਹਾਂ ਕਿਹਾ ਕਿ ਲਾਭਪਾਤਰੀਆਂ ਨੂੰ ਸਰਵੇ ਯੂਨਿਟ ਨੰਬਰ, ਜੀ. ਪੀ. ਐੱਸ. ਲੋਕੇਸ਼ਨ, ਡਰੋਨ ਮੈਪ ਅਤੇ ਕਿਊ. ਆਰ. ਕੋਡ ਵਾਲਾ ਪ੍ਰਾਪਰਟੀ ਕਾਰਡ ਦਿੱਤਾ ਜਾਵੇਗਾ। ਪਹਿਲੇ ਪੜਾਅ 'ਚ ਪੰਜਾਬ ਦੇ 2295 ਪਿੰਡਾਂ 'ਚ ਪ੍ਰਾਪਰਟੀ ਕਾਰਡ ਵੰਡੇ ਜਾਣੇ ਹਨ, ਜਿਨ੍ਹਾਂ 'ਚ ਸੰਗਰੂਰ ਜ਼ਿਲੇ ਦੇ 221 ਪਿੰਡ ਸ਼ਾਮਲ ਹਨ।

ARMY PUBLIC SCHOOL TIBRI,
MIL STATION GURDASPUR, MOB NO. 8427093357

1. Sealed quotations/tenders form are invited for opening of Tuck Shop for the period from (01 Dec 2026 to 30 Nov 2027) during school hours at Army Public School, Tibri within 07 days of publication of this advertisement.

2. Contractors to bid for the maximum rebate offer with minimum payable is Rs 3000.00 per month. Rent, electricity and water charges as generated by MES be paid on actual.

3. Tender form can be downloaded from Army Public School, Tibri web site **www.apstibri.in**. Quotations/tender form should not be sent through e-mails.

4. Tender form will be dropped at the earmarked quotation box placed at gate No 1 of Army Public School, Tibri Mil Stn Gurdaspur will only be accepted.

Sd/- Principal

ਨਾਜਾਇਜ਼ ਹਥਿਆਰ ਸਪਲਾਈ ਕਰਨ ਵਾਲੇ ਨੈੱਟਵਰਕ ਦਾ ਪਰਦਾਫਾਸ਼ ; 15 ਪਿਸਤੌਲ ਅਤੇ 15 ਕਾਰਤੂਸਾਂ ਸਣੇ 8 ਗ੍ਰਿਫ਼ਤਾਰ

ਅੰਮ੍ਰਿਤਸਰ/ ਜਲੰਧਰ/ ਚੰਡੀਗੜ੍ਹ, 7 ਅਕਤੂਬਰ (ਸੰਜੀਵ, ਧਵਨ)-ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਨਾਜਾਇਜ਼ ਹਥਿਆਰਾਂ ਦੀ ਸਪਲਾਈ ਕਰਨ ਵਾਲੇ 3 ਨੈੱਟਵਰਕਾਂ ਦਾ ਪਰਦਾਫਾਸ਼ ਕਰਦਿਆਂ ਇਕ ਨਾਬਾਲਗ ਸਮੇਤ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੇ ਕਬਜ਼ੇ 'ਚੋਂ 15 ਅਤਿ-ਆਧੁਨਿਕ ਪਿਸਤੌਲ ਅਤੇ 15 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ।

ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ 'ਚ ਬੈਠੇ ਹਥਿਆਰ ਸਮੱਗਲਰਾਂ ਦੇ ਸੰਪਰਕ 'ਚ ਸਨ ਅਤੇ ਉਨ੍ਹਾਂ ਤੋਂ ਨਾਜਾਇਜ਼ ਹਥਿਆਰ ਹਾਸਲ ਕਰ ਕੇ ਇਲਾਕੇ 'ਚ ਅਪਰਾਧਿਕ ਅਨਸਰਾਂ ਤੱਕ ਪਹੁੰਚਾਉਂਦੇ ਸਨ।

ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਸਤਨਾਮ ਸਿੰਘ ਉਰਫ਼ ਸੁੱਖਾ (20) ਨਿਵਾਸੀ ਮੋਗਾ, ਭੱਲਾ ਸਿੰਘ (26) ਨਿਵਾਸੀ ਮੋਗਾ, ਗੌਤਮ ਸਿੰਘ ਉਰਫ਼ ਬਿੱਲਾ (23) ਨਿਵਾਸੀ ਤਰਨਤਾਰਨ, ਮਨਵੀਰ ਸਿੰਘ ਉਰਫ਼ ਗੁਰਵੀਰ ਸਿੰਘ (24) ਨਿਵਾਸੀ ਲੁਧਿਆਣਾ, ਜਸਕਰਨਦੀਪ ਸਿੰਘ ਉਰਫ਼ ਜੱਸਾ (23) ਨਿਵਾਸੀ ਤਰਨਤਾਰਨ, ਸਿਮਰਨਜੀਤ ਸੰਧੂ ਉਰਫ਼ ਬਿੱਲਾ (27) ਨਿਵਾਸੀ ਅੰਮ੍ਰਿਤਸਰ, ਅਭੀ ਉਰਫ਼ ਬਾਵਾ (25) ਨਿਵਾਸੀ ਅੰਮ੍ਰਿਤਸਰ ਅਤੇ ਇਕ 17 ਸਾਲਾ ਨਾਬਾਲਗ ਵਜੋਂ ਹੋਈ ਹੈ।

ਪੁਲਸ ਅਨੁਸਾਰ ਬਰਾਮਦ ਹਥਿਆਰਾਂ 'ਚ ਇਟਲੀ ਮੇਡ ਤਿੰਨ .30 ਬੋਰ ਬੇਰੇਟਾ ਪਿਸਤੌਲ, ਇਕ .30 ਬੋਰ ਪੀ. ਐਕਸ.-5 ਸਟੋਰਮ, ਇਕ .30 ਬੋਰ ਚਾਈਨਾ ਮੇਡ ਪਿਸਤੌਲ, ਅੱਠ .30 ਬੋਰ ਅਤੇ ਦੋ .32 ਬੋਰ ਦੇ ਪਿਸਤੌਲ ਸ਼ਾਮਲ ਹਨ। ਇਸ ਤੋਂ ਇਲਾਵਾ ਮੁਲਜ਼ਮਾਂ ਕੋਲੋਂ 15 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਹਥਿਆਰਾਂ ਦੀ ਸਮੱਗਲਿੰਗ ਅਤੇ ਅਪਰਾਧਿਕ ਗਤੀਵਿਧੀਆਂ 'ਚ ਇਸਤੇਮਾਲ ਕੀਤੀਆਂ ਜਾ ਰਹੀਆਂ 2 ਕਾਰਾਂ ਨੂੰ ਵੀ ਪੁਲਸ ਨੇ ਕਬਜ਼ੇ 'ਚ ਲਿਆ ਹੈ।

ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਪਹਿਲੇ ਆਪ੍ਰੇਸ਼ਨ 'ਚ ਪੁਲਸ ਨੂੰ ਮਿਲੀ ਸੂਚਨਾ ਦੇ ਆਧਾਰ 'ਤੇ ਸਤਨਾਮ ਸਿੰਘ ਉਰਫ਼ ਸੁੱਖਾ ਅਤੇ ਭੱਲਾ ਸਿੰਘ ਨੂੰ ਉਨ੍ਹਾਂ ਦੀ ਕਾਰ 'ਚੋਂ ਗ੍ਰਿਫ਼ਤਾਰ ਕੀਤਾ ਗਿਆ। ਦੋਵਾਂ ਦੇ ਕਬਜ਼ੇ 'ਚੋਂ 5 ਪਿਸਤੌਲ ਅਤੇ 5 ਜ਼ਿੰਦਾ ਕਾਰਤੂਸ ਬਰਾਮਦ ਹੋਏ। ਦੂਜੇ ਆਪ੍ਰੇਸ਼ਨ 'ਚ ਪੁਲਸ ਨੇ ਗੌਤਮ ਸਿੰਘ ਉਰਫ਼ ਬਿੱਲਾ, ਮਨਵੀਰ ਸਿੰਘ ਉਰਫ਼ ਗੁਰਵੀਰ ਸਿੰਘ ਅਤੇ ਜਸਕਰਨਦੀਪ ਸਿੰਘ ਉਰਫ਼ ਜੱਸਾ ਨੂੰ ਗ੍ਰਿਫ਼ਤਾਰ ਕੀਤਾ। ਇਨ੍ਹਾਂ ਦੇ ਕਬਜ਼ੇ 'ਚੋਂ 7 ਨਾਜਾਇਜ਼ ਪਿਸਤੌਲ ਅਤੇ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਪੁਲਸ ਨੇ ਇਨ੍ਹਾਂ ਦੀ ਕਾਰ ਵੀ ਜ਼ਬਤ ਕਰ ਲਈ।

ਤੀਜੇ ਆਪ੍ਰੇਸ਼ਨ 'ਚ ਪੁਲਸ ਨੇ ਸਿਮਰਨਜੀਤ ਸੰਧੂ ਉਰਫ਼ ਬਿੱਲਾ ਨੂੰ ਗ੍ਰਿਫ਼ਤਾਰ ਕੀਤਾ। ਪੁੱਛਗਿੱਛ ਤੋਂ ਬਾਅਦ ਉਸ ਦੇ ਕਥਿਤ ਸਹਿਯੋਗੀ ਅਭੀ ਉਰਫ਼ ਬਾਵਾ ਅਤੇ ਇਕ 17 ਸਾਲਾ ਨਾਬਾਲਗ ਨੂੰ ਵੀ ਹਿਰਾਸਤ 'ਚ ਲਿਆ ਗਿਆ। ਇਸ ਕਾਰਵਾਈ 'ਚ ਕੁੱਲ 3 ਪਿਸਤੌਲ ਬਰਾਮਦ ਕੀਤੇ ਗਏ। ਮੁਲਜ਼ਮ ਇਕੋ ਸਰੋਤ ਤੋਂ ਨਾਜਾਇਜ਼ ਹਥਿਆਰ ਹਾਸਲ ਕਰਦੇ ਸਨ ਅਤੇ ਫਿਰ ਉਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਅਪਰਾਧਿਕ ਅਨਸਰਾਂ ਤੱਕ ਪਹੁੰਚਾਉਂਦੇ ਸਨ। ਇਸ ਮਾਮਲੇ 'ਚ ਅੰਮ੍ਰਿਤਸਰ 'ਚ 3 ਵੱਖ-ਵੱਖ ਮੁਕੱਦਮੇ ਦਰਜ ਕੀਤੇ ਗਏ ਹਨ।

ਗ੍ਰਿਫ਼ਤਾਰ ਮੁਲਜ਼ਮਾਂ ਕੋਲੋਂ ਬਰਾਮਦ ਹਥਿਆਰ।

www.zalimlotion.in
जालिम लोशन
ਦਾਦ, ਖਾਜ, ਖੁਜਲੀ ਅਤੇ ਐਕਜ਼ਿਮਾ ਲਈ ਸਹਾਇਕ
ਮੈਡੀਕਲ ਸਟੋਰ ਤੋਂ ਅੱਜ ਹੀ ਖਰੀਦੋ
ANIL PUB.

ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਮਾਨਯ, ਉੱਤਰ ਰੇਲਵੇ ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ : 251-ਬਿਜਲੀ-T-22-R3-2025-26
ਕੰਮਾਂ ਦਾ ਵੇਰਵਾ : ਫ਼ਿਰੋਜ਼ਪੁਰ ਡਵੀਜ਼ਨ ਵਿਚ ਮੌਜੂਦਾ ਸਬਸਟੇਸ਼ਨ ਵਿਚ ਟ੍ਰਾਂਸਫਾਰਮਰ, ਐਚਟੀ, ਐਲਟੀ ਅਤੇ ਏਪੀਐਫਸੀ ਪੈਨਲਾਂ ਦੇ ਸਰਵਧਨ/ਉੱਨਨਯਨ ਤੋਂ ਸਬੰਧਿਤ ਬਿਜਲੀ ਕੰਮ ਅਤੇ ਹੋਰ ਸਬੰਧਿਤ ਕੰਮ।
ਅਨੁਮਾਨਿਤ ਲਾਗਤ (ਰੁ:) : ਰੁ: 1,36,26,912.02/-
ਬਿਆਨਾ ਰਾਸ਼ੀ (ਰੁ) : ਰੁ: 2,72,500.00/-
ਕੰਮ ਦਾ ਸਮਾਂ : 06 ਮਹੀਨੇ
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 29.10.2026, 17:00 ਵਜੇ ਦੇ ਬਾਦ
ਵੈੱਬਸਾਈਟ : www.ireps.gov.in

ਨੰ:-251-ਬਿਜਲੀ-ਟੈਂਡਰ ਨੋਟਿਸ ਨੰ: 24-R3-ਬਿਜਲੀ/2026-27 ਮਿਤੀ : 07.10.2026 3483/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Notice inviting Bids
Punjab Waqf Board

The Punjab Waqf Board intends to lease out its following waqf properties located in Distt. Jalandhar as per the waqf Properties Lease Rules, 2014/2020 through bids to be held on 14.10.2026 at 10 am to 3pm at the premises i.e Office of Punjab Waqf Board, Dargah Imam Nasir, Jalandhar.

Sr. No.	Property Description			Purpose	Period	Reserve Price (Rs.)
	Location	Khasra / MC Nos.	Area			
1.	Village Langarian Tehsil Phillaur District Jalandhar	148/2 min	31K-00M	Agriculture	3 years	Rs. 2895/- PKPA
2.	Village Pawar Tehsil & Distt. Jalandhar	Kh. No. 36	1995 sq yds.	Commercial	35 Months	Rs.28000/- per month

E.O/PWB/JAL. No. Dated

The interested persons may contact Estate Officer PWB Jalandhar at the above mentioned address; on dated 14.10.2026, Reserve price is declared as PK/PA for Agriculture purpose and Per Sq.feet/per Sq. Yds on monthly basis for commercial and residential purpose as mentioned above, Remaining terms and conditions will be declared on the spot prior to start the bidding process.

Sd/-Estate Officer, PWB-Jalandhar

Notice Inviting Bids
PUNJAB WAQF BOARD

The Punjab Waqf Board intends to lease out its following property as per the Waqf Properties Lease Rules, 2014 through bids to be held on 14/10/2026 at 10:00 AM to 12:00 PM at the Office of Punjab Waqf Board, B/s Income Tax Office, Batala Road, Gurdaspur, Distt. Gurdaspur.

Sr. No.	Property Description			Purpose	Period	Reserve price
	Property Location	Khasra No.	Area			
1.	Boli Inderjit, (Thathiari Gate) Tehsil Batala Distt. Gurdaspur	Kh. No. 37/30, 39/140 min	242 Sq, Yds.	Commercial	35 Months	Rs. 6,325/-pm
2.	Tibba Bazaar, Androon Darwaja, Batala Tehsil Batala Distt. Gurdaspur	Shop No. 20-IX-59	19 Sq. yds.	Commercial	35 Months	Rs. 1500/- pm

The interested persons for the above properties may reach in the Branch office of Punjab Waqf Board, B/s Income Tax Office, Batala Road, Gurdaspur, Distt. Gurdaspur on dated 14/10/2026 at 10:00 AM to 12:00 PM and offer their bid. Remaining terms and conditions shall be briefed at the spot. Right to adjourn or cancel the auction is with the Estate Officer.

Estate Officer Punjab Waqf Board Gurdaspur

NOTICE INVITING BIDS
PUNJAB WAQF BOARD

The Punjab Waqf Board intends to lease out its following Waqf properties located in Distt. Kapurthala as per the Waqf Properties Lease Rules, 2014 and amended in 2020 through bids to be held on 14/10/2026 at 11:00 am at the premises i.e Office of Punjab Waqf Board Backside Masjid Bibi Peerowali, Near Desh Di Dairy, ASR Road, Distt.Kapurthala 144601 .

Sr. No.	Property Description			Purpose	Period	Reserve Price
	Location	Khasra/ MC Nos	Area			
1.	Vill.Bhago Arian Teh. Sultanpur Lodhi Distt. Kapurthala	19//3/2,4/1, 19/7,14/1	19K-02M	Agriculture	3 Years	Rs.1720/-PK PA
2.	Vill. Machi Jua Teh. Sultanpur Lodhi Distt. Kapurthala	46	08K-00M	Agriculture	3 Years	Rs.3620/- PK PA
3.	Mohalla Malkana Teh. & Distt. Kapurthala	Under Red Line	29.62 sq.yds	Shop	35 Months	Rs.6.05/-Per sq.ft PM
4.	Vill. Kassochahal Teh. & Distt. Kapurthala	122,124, to 127	26K-18M	Agriculture	3 Years	Rs.2750/-PK PA
5.	Vill. Mansoorwal Dona Teh. & Distt. Kapurthala	119 Min,121 Min,124 Min	248.35 sq.yds	Shop	35 Months	Rs.3.75/-Sqft PM
6.	Vill Talwandi Rajputtan Teh. & Distt. Kapurthala	5/9/1	2K-10M	Agriculture	3 Years	Rs.2750/-PK PA
7.	Vill. Mansoorwal Dona Teh. & Distt. Kapurthala	10/2,1/3min, 2min,9/1min	1021 sq.yds(G.F) 116.77 sq.yds(F.F)	Residential	35 Months	Rs.0.88/-Per sq.ft PM(GF) Rs.0.44/-Per sq.ft PM (F.F))
8.	Vill.Begowal, Teh. Bholath Distt. Kapurthala	212	111.11 sq.yds(Commercial) 1400.89 sq.yds (Residenial) Total area 1512 sq.yds)	Commercial Cum Residential	35 Months	Rs.6.30/-Per sq.ft.PM (Commercial) and Rs.1.40/-Per sq.ft.PM Residential)

E.O/ PWB/KPT No :- 1546 Dated: 07/10/2026

The interested persons may contact Estate Officer PWB Kapurthala at the above mentioned address; Reserve price is declared PK /PA for Agriculture purpose and Per Sq.feet/ per Sq.Yds. For Residential/Commercial etc. purpose as mentioned above, Remaining terms and conditions will be declared on the spot prior to start the bidding process.

Sd/-Estate Officer,
PWB Kapurthala

ਸਚਿਨ ਪਾਇਲਟ ਅਤੇ ਪਰਗਟ ਸਿੰਘ ਅੱਜ ਅੰਮ੍ਰਿਤਸਰ ਦੇ ਧਾਰਮਿਕ ਅਸਥਾਨਾਂ 'ਤੇ ਹੋਣਗੇ ਨਤਮਸਤਕ



ਅੰਮ੍ਰਿਤਸਰ/ਚੰਡੀਗੜ੍ਹ/ਜਲੰਧਰ, 7 ਅਕਤੂਬਰ (ਸਰਬਜੀਤ, ਅੰਕੁਰ, ਵਿਸ਼ੇਸ਼)-ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਜਨਰਲ ਸਕੱਤਰ ਸਚਿਨ ਪਾਇਲਟ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਵਿਧਾਇਕ ਪਰਗਟ ਸਿੰਘ ਅੰਮ੍ਰਿਤਸਰ ਦੌਰੇ ਦੌਰਾਨ ਵੱਖ-ਵੱਖ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੋਣਗੇ। ਉਨ੍ਹਾਂ ਦੇ ਦੌਰੇ ਨੂੰ ਪੰਜਾਬ ਕਾਂਗਰਸ ਵਿਚ ਨਵੀਂ ਲੀਡਰਸ਼ਿਪ ਤੋਂ ਬਾਅਦ ਸਿਆਸੀ ਤੌਰ 'ਤੇ ਵੀ ਅਹਿਮ ਮੰਨਿਆ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ ਸਚਿਨ ਪਾਇਲਟ ਸਵੇਰੇ 7:15 ਵਜੇ ਨਵੀਂ ਦਿੱਲੀ ਹਵਾਈ ਅੱਡੇ ਤੋਂ ਰਵਾਨਾ ਹੋ ਕੇ ਸਵੇਰੇ 8:30 ਵਜੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣਗੇ। ਉਪਰੰਤ ਦੋਵੇਂ ਆਗੂ ਸਵੇਰੇ 9:30 ਵਜੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣਗੇ।

ਇਸ ਤੋਂ ਬਾਅਦ ਸਵੇਰੇ 10 ਵਜੇ ਸ੍ਰੀ ਦੁਰਗਿਆਣਾ ਤੀਰਥ ਵਿਖੇ ਮੱਥਾ ਟੇਕਣਗੇ। ਦੋਵੇਂ ਆਗੂ 11:30 ਵਜੇ ਰਿਆਲਟੋ ਚੌਕ ਨੇੜੇ ਸਥਿਤ ਸੇਂਟ ਪੌਲ ਚਰਚ ਵਿਖੇ ਵੀ ਜਾਣਗੇ ਅਤੇ ਇਸ ਤੋਂ ਬਾਅਦ ਰਾਮ ਤੀਰਥ ਮੰਦਰ ਵਿਖੇ ਨਤਮਸਤਕ ਹੋਣਗੇ।

pnb punjab national bank ...Together for the better

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ-ਪਠਾਨਕੋਟ
ਸੈਲੀ ਰੋਡ, ਨੇੜੇ ਕਮਲ ਸਵੀਟਸ, ਪਠਾਨਕੋਟ, ਪੰਜਾਬ-145001
(ਫੋਨ ਨੰ. 9115554320), ਈ-ਮੇਲ : cs829500@pnb.bank.in

ਈ-ਨਿਲਾਮੀ/ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਅਤੇ ਵਿਸ਼ੇਸ਼ ਤੌਰ 'ਤੇ ਕਰਜ਼ਦਾਰ (†) ਤੇ ਗਾਰੰਟਰ (†) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਅਸਲ/ਦਸਤੀ/ਸੰਕੇਤਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (†) ਤੇ ਗਾਰੰਟਰ (†) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

Sr. No.	ਬ੍ਰਾਂਚ ਦਾ ਨਾਂ ਅਕਾਊਂਟ ਦੇ ਕਰਜ਼ਦਾਰ/ ਗਾਰੰਟਰਾਂ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (†) ਦੇ ਮਾਰਟਗੇਜਰ)	(ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਦਸਤੀ/ਰਚਨਾਤਮਕ	ਈ-ਨਿਲਾਮੀ ਦੀ ਮਿਤੀ/ਸਮਾਂ ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ	(ਏ) ਰਾਖਵੀਂ ਕੀਮਤ (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ
1.	ਪੀ. ਐੱਨ. ਬੀ. ਏ. ਆਰ. ਐੱਮ. ਬੀ. (829500) (1) ਮੈਸਰਜ਼ ਤੇਗ ਮੋਟਰਜ਼ ਪ੍ਰਾਈਵੇਟ ਲਿਮਟਿਡ ਆਪਣੇ ਡਾਇਰੈਕਟਰ ਸ਼੍ਰੀ ਨਿਸ਼ਾਨ ਸਿੰਘ ਤੇ ਸ਼੍ਰੀ ਉਪਕਾਰਦੀਪ ਸਿੰਘ ਪੁੱਤਰ ਸ਼੍ਰੀ ਕਰਤਾਰ ਸਿੰਘ ਰਾਹੀਂ, ਰਾਮ ਤਲਾਈ, ਜੀ. ਟੀ. ਰੋਡ, ਅੰਮ੍ਰਿਤਸਰ-143001, (2) ਸ਼੍ਰੀ ਨਿਸ਼ਾਨ ਸਿੰਘ ਪੁੱਤਰ ਸ਼੍ਰੀ ਕਰਤਾਰ ਸਿੰਘ, ਮਕਾਨ ਨੰਬਰ 240, ਪਿੰਡ ਹਸਨਪੁਰਾ (ਗੋਕੁਲਵਾਲ), ਡੇਰਾ ਬਾਬਾ ਨਾਨਕ ਰੋਡ, ਬਟਾਲਾ-143505 (ਡਾਇਰੈਕਟਰ ਤੇ ਗਾਰੰਟਰ), (3) ਸ਼੍ਰੀ ਉਪਕਾਰਦੀਪ ਸਿੰਘ ਪੁੱਤਰ ਸ਼੍ਰੀ ਕਰਤਾਰ ਸਿੰਘ, ਮਕਾਨ ਨੰਬਰ 240, ਪਿੰਡ ਹਸਨਪੁਰਾ (ਗੋਕੁਲਵਾਲ), ਡੇਰਾ ਬਾਬਾ ਨਾਨਕ ਰੋਡ, ਬਟਾਲਾ-143505 (ਡਾਇਰੈਕਟਰ ਤੇ ਗਾਰੰਟਰ), (4) ਸ਼੍ਰੀਮਤੀ ਇੰਦਰਜੀਤ ਕੌਰ ਪਤਨੀ ਸ਼੍ਰੀ ਅਜੀਤ ਸਿੰਘ, ਮਕਾਨ ਨੰਬਰ 147 ਸੀ, ਅਰਬਨ ਅਸਟੇਟ ਫੇਜ਼ 1, ਜਲੰਧਰ-144022 (ਗਾਰੰਟਰ), (5) ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਅਜੀਤ ਸਿੰਘ, ਮਕਾਨ ਨੰਬਰ 147 ਸੀ, ਅਰਬਨ ਅਸਟੇਟ, ਫੇਜ਼-1, ਜਲੰਧਰ-144022 (ਗਾਰੰਟਰ), (6) ਸ਼੍ਰੀ ਧਰਮਬੀਰ ਸਿੰਘ ਪੁੱਤਰ ਸ਼੍ਰੀ ਲਖਵਿੰਦਰ ਸਿੰਘ, ਪਿੰਡ ਗੋਕੁਲਵਾਲ, ਡੇਰਾ ਬਾਬਾ ਨਾਨਕ ਰੋਡ, ਬਟਾਲਾ-143505 (ਗਾਰੰਟਰ), (7) ਸ਼੍ਰੀ ਸੁਲੱਖਣ ਸਿੰਘ ਪੁੱਤਰ ਸ਼੍ਰੀ ਗੁਰਦੀਪ ਸਿੰਘ (ਹੁਣ ਮ੍ਰਿਤਕ) ਆਪਣੇ ਕਾਨੂੰਨੀ ਵਾਰਸਾਂ ਰਾਹੀਂ : (ੳ) ਮਨਜੀਤ ਸਿੰਘ ਪੁੱਤਰ ਸ਼੍ਰੀ ਸੁਲੱਖਣ ਸਿੰਘ, (ਅ) ਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਸੁਲੱਖਣ ਸਿੰਘ, ਵਾਸੀ ਪਿੰਡ ਮਲਕਵਾਲ, ਡਾਕਖਾਨਾ ਕਾਲਾ ਅਫ਼ਗਾਨਾ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ-143513 (ਗਾਰੰਟਰ/ਮਾਰਟਗੇਜਰ), (8) ਸ਼੍ਰੀ ਰਛਪਾਲ ਸਿੰਘ ਪੁੱਤਰ ਸ਼੍ਰੀ ਗੁਰਦੀਪ ਸਿੰਘ, ਵਾਸੀ ਪਿੰਡ ਮਲਕਵਾਲ, ਡਾਕਖਾਨਾ ਕਾਲਾ ਅਫ਼ਗਾਨਾ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ-143513 (ਗਾਰੰਟਰ/ਮਾਰਟਗੇਜਰ)।	ਜ਼ਮੀਨ ਤੇ ਇਮਾਰਤ ਵਾਲਾ ਪਲਾਟ, ਜਿਸ ਦਾ ਰਕਬਾ 14 ਮਰਲੇ ਹੈ, ਜੋ ਕਿ 2 ਕਨਾਲ ਜ਼ਮੀਨ ਦਾ ਹਿੱਸਾ ਹੈ (ਕੁੱਲ ਪੈਮਾਇਸ਼ 3 ਕਨਾਲ 18 ਮਰਲੇ ਵਿਚੋਂ 40/78 ਹਿੱਸਾ), ਖੇਵਟ ਨੰਬਰ 114, ਖਤੌਨੀ ਨੰਬਰ 325, ਖਸਰਾ ਨੰਬਰ 23 ਆਰ/9/2/3/2 ਹੈ। ਇਹ ਜਾਇਦਾਦ ਪਿੰਡ ਗੋਕੁਲਵਾਲ, ਹੱਦਬਸਤ ਨੰਬਰ 242, ਤਹਿਸੀਲ ਬਟਾਲਾ ਵਿਖੇ ਜਮ੍ਹਾਬੰਦੀ 2003-2004 ਦੇ ਅਨੁਸਾਰ ਸ਼੍ਰੀ ਸੁਲੱਖਣ ਸਿੰਘ ਤੇ ਸ਼੍ਰੀ ਰਛਪਾਲ ਸਿੰਘ ਪੁੱਤਰਾਨ ਸ਼੍ਰੀ ਗੁਰਦੀਪ ਸਿੰਘ ਦੀ ਮਲਕੀਅਤ ਹੈ। ਹੱਦਬੰਦੀ : ਉੱਤਰ : ਜਾਇਦਾਦ ਦਲਬੀਰ ਸਿੰਘ, ਪੂਰਬ : ਸੜਕ, ਪੱਛਮ : ਜਾਇਦਾਦ ਸੁਲੱਖਣ ਸਿੰਘ ਤੇ ਜਸਪਾਲ ਸਿੰਘ, ਦੱਖਣ : ਸੜਕ। (ਮਾਰਟਗੇਜ ਡੀਡ ਵਿਚ ਪੈਮਾਇਸ਼ ਨਹੀਂ ਦਰਸਾਈ ਗਈ) (ਰੈਫਰੈਂਸ ਨੰਬਰ : PUNB829500P47)	(ਏ) 11.09.2019 (ਬੀ) 53,22,542.92 ਰੁਪਏ 31.07.2019 ਨੂੰ+ਅਗਲਾ ਵਿਆਜ 01.07.2019 ਤੋਂ (ਸੀ) 12.03.2021 (ਡੀ) ਸੰਕੇਤਕ	27/10/2026 From 11 AM to 4 PM ਬੈਂਕ ਨੂੰ ਜਾਣਕਾਰੀ ਨਹੀਂ	A) Rs 53,10,100/- B) Rs 5,31,010/- C) Rs 50,000/-

ਨਿਯਮ ਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਅੱਗੇ ਦਿੱਤੀਆਂ ਹੋਰ ਵਾਧੂ ਸ਼ਰਤਾਂ ਅਨੁਸਾਰ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। 3. ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ (†) ਉੱਪਰ ਕਿਸੇ ਵੀ ਭਾਰ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮ ਕੀਤੀ ਜਾ ਰਹੀ ਜਾਇਦਾਦ ਸਬੰਧੀ ਕਿਸੇ ਵੀ ਚਾਰਜ, ਅਧਿਗ੍ਰਹਿਣ, ਭਾਰ ਜਾਂ ਸਰਕਾਰ ਵੱਲੋਂ ਜਾਂ ਕਿਸੇ ਹੋਰ ਵੱਲੋਂ ਕਿਸੇ ਵੀ ਦੇਣਦਾਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਚਾਹਵਾਨ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਭਾਰ ਬਾਰੇ ਆਪਣੀ ਆਜ਼ਾਦਾਨਾ ਪੁੱਛਗਿੱਛ ਕਰੇ, ਜਿਸ 'ਚ ਵਿਧਾਨਕ ਦੇਣਦਾਰੀਆਂ, ਪ੍ਰਾਪਰਟੀ ਟੈਕਸ, ਬਿਜਲੀ ਦੇ ਬਕਾਏ, ਹਾਊਸ ਟੈਕਸ ਆਦਿ ਬਾਰੇ ਜਾਣਕਾਰੀ ਹਾਸਲ ਕਰੇ। ਇਸ ਵਿਚ ਕਿਸੇ ਵਿਭਾਗ ਤੋਂ ਐੱਨ. ਓ. ਸੀ ਆਦਿ ਵੀ ਸ਼ਾਮਲ ਹੈ। ਬਕਾਇਆ ਚਾਰਜ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਅਦਾ ਕੀਤੇ ਜਾਣਗੇ। 6. ਸਕਿਓਰਡ ਕ੍ਰੈਡਿਟਰ ਜੋ ਵੀ ਜਾਇਦਾਦ/ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ ਦੀ ਕਿਸੇ ਵੀ ਤਰ੍ਹਾਂ ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਦੀ ਕਿਸੇ ਸੂਰਤ 'ਚ ਗਾਰੰਟੀ ਨਹੀਂ ਦਿੰਦਾ। 7. ਵਿਕਰੀ ਨਿਮਨਹਸਤਾਖਰੀ ਵਲੋਂ ਵੈੱਬਸਾਈਟ https://baanknet.com. 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 27.10.2026 ਨੂੰ ਉੱਪਰ ਦਿੱਤੇ ਸਮੇਂ ਅਨੁਸਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ ਵੈੱਬਸਾਈਟ https://baanknet.com ਤੇ www.pnbindia.in. ਦਾ ਹਵਾਲਾ ਲਵੋ। 8. ਰਾਖਵੀਂ ਕੀਮਤ ਤੋਂ ਉੱਪਰ ਤੇ ਵੱਧ ਘੱਟੋ-ਘੱਟ ਬੋਲੀ ਦੀ ਇਕ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ, 2002 ਦੇ ਰੂਲ-8(6) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : 07.10.2026
ਸਥਾਨ : ਪਠਾਨਕੋਟ

ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ